This question paper contains 3 printed pages]

*Your Roll No.*...............

**8737**

**B.A. (PROGRAMME)/II/III** AS

PUNJABI LANGUAGE (A)—Paper II

(Advanced Punjabi)

*Time* : 3 *Hours* *Maximum Marks* : 100

*Note* :—The maximum marks printed on the question paper are applicable for the students of the SOL/NCWEB/Non-formal cell. These marks will, however, be scaled down proportionately in respect of the students of regular colleges at the time of posting of awards for compilation of result.

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਤੇ ਨਿਬੰਧ ਲਿਖੋ (**500** ਸ਼ਬਦ) :

   (*i*) ਮਹਿੰਗਾਈ ਦੀ ਸਮੱਸਿਆ;

   (*ii*) ਕੁਦਰਤ ਦਾ ਕਰੋਪ;

   (*iii*) ਸਮੇਂ ਦੀ ਕਦਰ । 15

2. ਆਪਣੇ ਮਨਪਸੰਦ ਪੰਜਾਬੀ ਨਾਵਲ ਦੀ ਕਹਾਣੀ ਨੂੰ ਸੰਖੇਪ ਵਿਚ ਲਿਖੋ । 15

3. ਦੋ ਮਿੱਤਰਾਂ ਵਿਚ ਔਰਤਾਂ ਦੀ ਅਸੁਰੱਖਿਆ ਬਾਰੇ ਹੋ ਰਹੀ ਬਹਿਸ ਨੂੰ ਵਾਰਤਾਲਾਪ ਦੀ ਸ਼ੈਲੀ ਵਿਚ ਲਿਖੋ । 15

P.T.O.

4. (*i*) ਪੰਜ 'ਸਮਾਸੀ ਸ਼ਬਦ' ਤੇ ਪੰਜ 'ਮੂਲ ਸ਼ਬਦ' ਲਿਖੋ । 5

(*ii*) ਹੇਠ ਲਿਖੇ ਨਾਵਾਂ ਤੋਂ ਵਿਸ਼ੇਸ਼ਣ ਬਣਾਉ :

ਅਸਲੀਅਤ, ਸ਼ਹਿਰ, ਝਗੜਾ, ਸੀਤਲਤਾ, ਅਖੀਰ । 5

(*iii*) ਹੇਠ ਲਿਖੇ ਸ਼ਬਦਾਂ ਦੇ ਵਿਰੋਧਾਰਥਕ ਸ਼ਬਦ ਲਿਖੋ :

ਉਸਤਤ, ਅਸਲੀ, ਸੰਖੇਪ, ਖ਼ੁਸ਼ਬੂ, ਖਰਚ । 5

(*iv*) ਹੇਠ ਲਿਖੇ ਅਗੇਤਰ ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ :

ਲਾ, ਖੋਰ, ਬਦ, ਮਹਾਂ, ਗਾਰ । 5

(*v*) ਪੰਜਾਬੀ ਦੀਆਂ ਲਗਾਂ-ਮਾਤਰਾਂ ਦੇ ਨਾਂ ਲਿਖੋ ਅਤੇ ਚਿੰਨ੍ਹ ਵੀ ਲਿਖੋ । 5

5. ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਵਾਕ ਬਣਾ ਕੇ ਭਿੰਨ-ਭਿੰਨ ਅਰਥ ਸਪੱਸ਼ਟ ਕਰੋ :

ਉੱਚਾ, ਹੱਸ, ਖੱਟੀ, ਤਾਰ, ਤਿਲਕ । 10

6. 'ਮਿਸਰਤ ਵਾਕ' ਤੇ 'ਸੰਯੁਕਤ ਵਾਕ' ਦਾ ਅੰਤਰ ਉਦਾਹਰਨਾਂ ਸਹਿਤ ਸਪੱਸ਼ਟ ਕਰੋ । 10

7. ਹੇਠ ਲਿਖੇ ਪੈਰੇ ਦਾ ਸਾਰਾਂਸ਼ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

"ਜਦੋਂ ਅਸੀਂ ਪੰਜਾਬੀ ਸਭਿਆਚਾਰ ਦੀ ਗੱਲ ਕਰਦੇ ਹਾਂ ਤਾਂ ਨੱਚਦਾ, ਗਾਉਂਦਾ, ਲਹਿਲਹਾਉਂਦਾ, ਜੋਸ਼ ਨਾਲ ਠਾਠਾਂ ਮਾਰਦਾ ਤੇ ਮੌਤ ਨੂੰ ਮਖੌਲਾ ਕਰਦਾ ਪੰਜਾਬ ਅੱਖਾਂ ਸਾਹਮਣੇ ਆ ਖਲੋਂਦਾ ਹੈ । ਪੰਜਾਬ ਦੀ ਭੂਗੋਲਿਕ ਸਥਿਤੀ ਕੁਦਰਤ ਵਲੋਂ ਹੀ ਅਜਿਹੀ ਰਹੀ ਹੈ ਕਿ ਆਦਿ ਕਾਲ ਤੋਂ ਇਸਨੂੰ ਬਾਹਰਲੇ ਹਮਲਿਆਂ ਦਾ ਟਾਕਰਾ ਕਰਨਾ ਪੈਂਦਾ ਰਿਹਾ ਹੈ, ਦੁਸ਼ਮਨ ਨਾਲ ਲੋਹਾ ਲੈਣਾ ਪੈਂਦਾ ਰਿਹਾ ਹੈ । ਇਸ ਕਰਕੇ ਹੀ ਪੰਜਾਬ ਨੂੰ ਭਾਰਤ ਦੀ 'ਭੁਜਾ' ਹੋਣ ਦਾ ਵਿਸ਼ੇਸ਼ਣ

-ਪਦ ਪ੍ਰਾਪਤ ਹੈ । ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਹਰੇਕ ਸਭਿਆਚਾਰ ਨੂੰ ਪੰਜਾਬ ਨਿਵਾਸੀਆਂ ਨੇ ਸਵੀਕਾਰ ਕੀਤਾ ਹੈ । ਇਸ ਵਿਚਲੀਆਂ ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰਕੇ ਆਪਣੇ ਸਭਿਆਚਾਰ ਨੂੰ ਸਜੀਵ ਬਣਾਈ ਰਖਿਆ ਹੈ । ਨਵੀਆਂ ਸਥਿਤੀਆਂ, ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਿਆ ਹੈ । ਪੰਜਾਬ ਵਿਚ ਚਾਹੇ ਯੂਨਾਨੀ ਆਏ, ਚਾਹੇ ਅਰਬ ਆਏ, ਚਾਹੇ ਮੁਗਲ ਤੇ ਚਾਹੇ ਅੰਗਰੇਜ ਆਏ, ਪੰਜਾਬੀਆਂ ਨੇ ਆਪਣੇ ਮਹਿਮਾਨ ਸਭਿਆਚਾਰ ਨੂੰ ਆਪਣੇ ਵਿਚ ਥਾਂ ਦਿਤੀ । ਇਤਨਾ ਕੁਝ ਹੋਣ ਦੇ ਬਾਵਜੂਦ ਇਸਨੇ ਆਪਣੀ ਮੂਲ ਪ੍ਰਕਿਰਤੀ ਨੂੰ ਨਹੀਂ ਬਦਲਿਆ । ਇਹੋ ਹੀ ਇਕ ਸਜੀਵ ਤੇ ਨਰੋਏ ਸਭਿਆਚਾਰ ਦੀ ਵਿਸ਼ੇਸ਼ਤਾ ਹੁੰਦੀ ਹੈ ।" 10